ਸਪੈਸ਼ਲਿਸਟ ਹਾਈ ਸਕਿਲਸ ਮੇਜਰ

ਓਨਟਾਰੀਓ ਦੇ ਸੈਕੰਡਰੀ ਸਕੂਲ, ਸਟੂਡੈਂਟ ਸਕਸੈਸ ਕੋਸ਼ਿਸ਼ ਰਾਹੀਂ, ਵਿਦਿਆਰਥੀਆਂ ਦੀਆਂ ਵਿਅਕਤੀਗਤ ਸਿੱਖਣ ਸ਼ੈਲੀਆਂ ਅਤੇ ਦਿਲਚਸਪੀਆਂ ਨੂੰ ਪੂਰਾ ਕਰਨ ਵਿੱਚ ਮਦਦ ਲਈ ਪਸਾਰ ਵਾਲੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰ ਰਹੇ ਹਨ। ਇਹਨਾਂ ਪ੍ਰੋਗਰਾਮਾਂ ਨਾਲ ਵਿਦਿਆਰਥੀ, ਸਿੱਖਣ ਦੇ ਵੱਖ-ਵੱਖ ਤਰ੍ਹਾਂ ਦੇ ਨਵੇਂ ਅਤੇ ਵੱਧ ਵਿਕਲਪਾਂ ਰਾਹੀਂ ਹਾਈ ਸਕੂਲ ਦੇ ਆਪਣੇ ਅਨੁਭਵ ਨੂੰ ਅਨੁਕੂਲ ਬਣਾਉਂਦੇ ਹਨ। ਇਹਨਾਂ ਵਿਕਲਪਾਂ ਵਿੱਚ ਦੂਹਰੇ ਕ੍ਰੈਡਿਟ, ਸਪੈਸ਼ਲਿਸਟ ਹਾਈ ਸਕਿਲਸ ਅਤੇ ਸਹਿਕਾਰੀ ਸਿਖਿਆ ਸ਼ਾਮਿਲ ਹਨ।

ਇਹ ਪ੍ਰੋਗਰਾਮ, ਸਾਰੇ ਵਿਦਿਆਰਥੀਆਂ ਨੂੰ, ਸਿੱਖਣ ਵੱਲ ਲਾ ਕੇ ਅਤੇ ਗ੍ਰੈਜੁਏਸ਼ਨ ਅਤੇ ਇਸਤੋਂ ਅੱਗੋਂ ਦੀ ਪੜ੍ਹਾਈ ਲਈ ਉਹਨਾਂ ਨੂੰ ਬਿਹਤਰ ਤਰੀਕੇ ਨਾਲ ਤਿਆਰ ਕਰਕੇ, ਉਹਨਾਂ ਦੀਆਂ ਲੋੜਾਂ, ਦਿਲਚਸਪੀਆਂ ਅਤੇ ਮਜ਼ਬੂਤੀਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਹਨ।

ਸਪੈਸ਼ਲਿਸਟ ਹਾਈ ਸਕਿਲਸ ਮੇਜਰ (SHSM) ਕੀ ਹੈ?

SHSM, ਵਿਭਾਗ ਵੱਲੋਂ ਇਕ ਮੰਜ਼ੂਰਸ਼ੁਦਾ ਪ੍ਰੋਗਰਾਮ ਹੈ, ਜੋ ਵਿਦਿਆਰਥੀ ਨੂੰ ਸੈਕੰਡਰੀ ਸਕੂਲ ਤੋਂ ਗ੍ਰੈਜੁਏਟ ਹੋਣ ਦੀਆ ਲੋੜਾਂ ਨੂੰ ਪੂਰਾ ਕਰਦਿਆਂ ਆਪਣੀ ਸਿਖਿਆ ਨੂੰ ਇਕ ਖ਼ਾਸ ਆਰਥਕ ਖੇਤਰ ਵਿੱਚ ਕੇਂਦਰਿਤ ਕਰਨ ਦਿੰਦਾ ਹੈ। ਇਹ ਗ੍ਰੈਜੁਏਸ਼ਨ ਮਗਰੋਂ ਉਹਨਾਂ ਦੀ ਅਪ੍ਰੈਂਟਿਸਸ਼ਿਪ ਸਿਖਲਾਈ, ਕਾੱਲਿਜ, ਯੂਨੀਵਰਸਿਟੀ ਜਾਂ ਕੰਮ ਵਾਲੀ ਥਾਂ ਤੇ ਜਾਣ ਵਿੱਚ ਮਦਦ ਕਰਦਾ ਹੈ।

2012-13 ਸਕੂਲ ਸਾਲ ਲਈ, ਹੇਠ ਲਿਖੇ ਖੇਤਰਾਂ ਲਈ SHSM ਉਪਲਬਧ ਹਨ:

- ਖੇਤੀ
- ਕਲਾ ਅਤੇ ਸਭਿਆਚਾਰ
- ਐਵੀਏਸ਼ਨ/ਏਅਰੋਸਪੇਸ
- ਕਾਰੋਬਾਰ
- ਇਮਾਰਤ ਉਸਾਰੀ
- ਊਰਜਾ
- ਚੌਗਿਰਦਾ
- ਖਾਣ-ਪੀਣ ਸਮਾਨ ਡੱਬੇਬੰਦ ਕਰਨਾ
- ਜੰਗਲਾਤ
- ਸਿਹਤ ਅਤੇ ਤੰਦਰੁਸਤੀ
- ਬਾਗ਼ਬਾਨੀ ਅਤੇ ਲੈਂਡਸਕੇਪਿੰਗ
- ਪ੍ਰਾਹੁਣਾਚਾਰੀ ਅਤੇ ਸੈਰ-ਸਪਾਟਾ
- ਸੂਚਨਾ ਅਤੇ ਸੰਚਾਰ ਤਕਨਾਲੌਜੀ
- ਨਿਆ, ਭਾਈਚਾਰੇ ਦੀ ਸੁਰਖਿਆ ਅਤੇ ਐਮਰਜੈਂਸੀ ਸੇਵਾਵਾਂ
- ਮੈਨਿਉਫ਼ੈਕਚਰਿੰਗ
- ਖਾਣਾਂ
- ਬਿਨਾ-ਮੁਨਾਫ਼ਾ
- ਖੇਡਾਂ
- ਢੋਆ-ਢੁਆਈ

ਸਪੈਸ਼ਲਿਸਟ ਹਾਈ ਸਕਿਲਸ ਦੇ ਮੁੱਖ ਲਾਭ

SHSM ਕਰਨ ਨਾਲ ਵਿਦਿਆਰਥੀ ਨੂੰ ਮਦਦ ਮਿਲਦੀ ਹੈ:

- ਆਪਣੀ ਸੈਕੰਡਰੀ ਸਕੂਲ ਸਿਖਿਆ ਨੂੰ, ਆਪਣੀਆਂ ਦਿਲਚਸਪੀਆਂ ਅਤੇ ਕਾਬਲੀਅਤਾਂ ਦੇ ਅਨੁਕੂਲ ਕਰਨ ਵਿੱਚ।
- ਮਾਹਿਰਾਨਾ ਜਾਣਕਾਰੀ ਆਤੇ ਮੁਹਾਰਤਾਂ ਵਿਕਸਿਤ ਕਰਨ ਵਿੱਚ।
- ਉਹ ਕ੍ਰੈਡਿਟਸ ਲੈਣਾ, ਜਿਹਨਾਂ ਨੂੰ ਸੈਕੰਡਰੀ ਤੋਂ ਬਾਅਦ ਵਾਲੀਆਂ ਸਿਖਿਆ ਸੰਸਥਾਵਾਂ ਅਤੇ ਸੈਕਟਰ ਮਾਨਤਾ ਦੇਣ।
- ਸੈਕਟਰ ਵੱਲੋਂ ਮਾਨਤਾਪ੍ਰਾਪਤ ਸਰਟੀਫ਼ਿਕੇਟ ਅਤੇ ਕੈਰੀਅਰ-ਸਬੰਧਿਤ ਸਿਖਲਾਈ ਹਾਸਲ ਕਰਨ ਵਿੱਚ।
- ਓਨਟਾਰੀਓ ਦੇ ਮੁਹਾਰਤਾਂ ਬਾਰੇ ਪਾਸਪੋਰਟ ਵਿੱਚ ਦਿਤੀਆਂ ਗਈਆਂ ਜ਼ਰੂਰੀ ਮੁਹਾਰਤਾਂ ਅਤੇ ਕੰਮ ਦੀਆਂ ਆਦਤਾਂ ਵਿਕਸਿਤ ਕਰਨ ਵਿੱਚ।
- ਕੈਰੀਅਰ ਦੇ ਟੀਚਿਆਂ ਦੀ ਸ਼ਨਾਖ਼ਤ ਕਰਨ, ਪਤਾ ਲਾਉਣ ਅਤੇ ਹੋਰ ਬਿਹਤਰ ਬਣਾਉਣ ਵਿੱਚ ਅਤੇ ਆਪਣੇ ਭਵਿੱਖ ਬਾਰੇ ਸੂਚਿਤ ਫ਼ੈਸਲੇ ਕਰਨ ਵਿੱਚ।
- ਜੇ ਉਹਨਾਂ ਦੇ ਟੀਚੇ ਅਤੇ ਯੋਜਨਾਵਾਂ ਬਦਲ ਜਾਣ, ਤਾਂ ਪਾਥਵੇਜ਼ ਵਿੱਚਕਾਰ ਕੋਰਸ ਬਦਲਣ ਦੇ ਵਿਕਲਪ ਨਾਲ ਲਚਕੀਲਾ ਰਹਿਣ ਵਿੱਚ।

ਸਪੈਸ਼ਲਿਸਟ ਹਾਈ ਸਕਿਲਸ ਮੇਜਰਸ ਨੂੰ ਮਾਨਤਾ ਕਿਵੇਂ ਮਿਲਦੀ ਹੈ?

ਜਿਹਨਾਂ ਵਿਦਿਆਰਥੀਆਂ ਦੀ ਮੁਕੰਮਲ ਹੁੰਦੀ ਹੈ, ਉਹਨਾਂ ਨੂੰ ਮਿਲਦਾ ਹੈ:

- ਉਭਰਵੀਂ ਲਾਲ ਮੁਹਰ ਵਾਲਾ ਓਨਟਾਰੀਓ ਸੈਕੰਡਰੀ ਸਕੂਲ ਡਿਪਲੋਮਾ
- ਉਸਦੀ SHSM ਪ੍ਰਾਪਤੀ ਵਾਲਾ ਰਿਕਾੱਰਡ ਵਾਲਾ ਦਸਤਾਵੇਜ਼
- ਉਸਦੀ ਓਨਟਾਰੀਓ ਵਿਦਿਆਰਥੀ ਟ੍ਰਾਂਸਕ੍ਰਿਪਟ ਬਾਰੇ ਰਸਮੀ ਮਾਨਤਾ।

ਸਪੈਸ਼ਲਿਸਟ ਹਾਈ ਸਕਿਲਸ ਮੇਜਰਸ ਦੀ ਕਿਥੇ ਪੇਸ਼ਕਸ਼ ਕੀਤੀ ਜਾਂਦੀ ਹੈ? ਮੈਨੂੰ ਹੋਰ ਕਿਥੋਂ ਪਤਾ ਲੱਗ ਸਕਦਾ ਹੈ?

2012-13 ਵਿੱਚ ਪੂਰੇ ਸੂਬੇ ਦੇ ਸਾਰੇ ਸਕੂਲਾਂ ਦੇ ਬੋਰਡਾਂ ਵਿੱਚ, SHSM ਦੇ ਪ੍ਰੋਗਰਾਮ ਹਨ। ਕੀ ਉਪਲਬਧ ਹੈ, ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਜਾਂ ਆਪਣੇ ਸਕੂਲ ਬੋਰਡ ਵਿੱਚ ਸਟੂਡੈਂਟ ਸਕਸੈਸ ਲੀਡਰ ਨਾਲ ਸੰਪਰਕ ਕਰੋ। SHSM ਅਤੇ ਉਹ ਕਿਵੇਂ ਕੰਮ ਕਰਦੇ ਹਨ, ਬਾਰੇ ਹੋਰ ਵਿਆਪਕ ਜਾਣਕਾਰੀ **www.ontario.ca/studentsuccess** ਤੇ ਮਿਲ ਸਕਦੀ ਹੈ

ISBN 978-1-4606-1196-8 (PDF) (Punjabi) © ਓਨਟਾਰੀਓ ਲਈ ਕੁਇੰਨਜ਼ ਪ੍ਰਿੰਟਰ, 2013

ontario.ca/EDUparents

Ontario